ੴ ਸਤਿਗੁਰ ਪ੍ਰਸਾਦਿ ॥

# ਅੰਮ੍ਰਿਤਸਰ ਦੇ ਇਸ਼ਨਾਨ

ਆਪਾਂ ਸਾਰਿਆਂ ਨੂੰ ਪਤਾ ਹੈ ਕਿ ਸਿੱਖ ਪਰਵਾਰ ਜਾਂ ਕੋਈ ਇੱਕਲਾ ਸਿੱਖ ਜਿਥੇ ਵੀ ਰਹਿੰਦਾ ਹੋਵੇ ਜਾਂ ਜਿਸ ਹਾਲਤ ਵਿਚ ਵਿਚਰ ਰਿਹਾ ਹੋਵੇ, ਉਹ ਸਵੇਰੇ-ਸ਼ਾਮ, ਅਕਾਲ ਪੁਰਖ ਦੀ ਰਹਿਮਤ ਦਾ ਸ਼ੁਕਰਾਨਾ ਕਰਦੇ ਹਨ ਅਤੇ ਬੇਨਤੀ ਕਰਦੇ ਹਨ: "ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ ।

First of all, let us try to understand about "Amritsar City", the foundation of which was laid in 1577 by Guru Ramdas Sahib (1574-1581). Guru Sahib encouraged the followers practicing various trades and professions to take up residence for catering the needs of other persons. Thus, the town expanded further under Guru Arjan Sahib (1581-1606), who completed the Sarovar – Tank and constructed the Darbaar Sahib. After compilation of Gurbaani uttered by the Gurus, Bhagats, Bhatts and the devoted Sikhs, Granth Sahib was placed open in the Darbaar Sahib on 16th August 1604. Subsequently in 1609, Guru Hargobind Sahib (1606-1644) constructed the Akaal Bunga. Since then this city has been known as "Amritsar", the Headquarter of the Sikh Affairs. Every Sikh is ever eager to pay obeisance by visiting the "Darbaar Sahib Complex" and most of the foreign Dignitaries also visit and rejoice harmony and peace.

Before breathing his last on 7th October 1708, Guru Gobind Singh Sahib had ordained all the Sikhs to obey the Guru Granth Sahib. Hence, we always need to comprehend Gurbaani contained in the Guru Granth Sahib. In respect of "Amrit Sar", following Shabds are shared -

ਮਾਰੂ ਮਹਲਾ ੧, ਪੰਨਾ ੧੦੧੧ ॥ ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ ॥ ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ ॥ ਗੁਰ ਸੇਵਾ ਸਦਾ ਸੁਖੁ ਹੈ ਜਿਸ ਨੋ ਹੁਕਮੁ ਮਨਾਏ ॥੭॥

*ਅਰਥ: ਗੁਰੂ ਸਮੁੰਦਰ ਹੈ, ਗੁਰੂ ਅੰਮ੍ਰਿਤ ਨਾਲ ਭਰਿਆ ਹੋਇਆ ਸਰੋਵਰ ਹੈ ਅਤੇ ਜੇਹੜਾ ਪ੍ਰਾਣੀ ਗੁਰਬਾਣੀ ਦਾ ਓਟ-ਆਸਰਾ ਲੈਂਦਾ ਹੈ, ਉਹੀ ਆਨੰਦ-ਮਈ ਜੀਵਨ ਬਤੀਤ ਕਰਦਾ ਹੈ । ਆਪਣੇ ਹਿਰਦੇ ਵਿਚ ਅਕਾਲ ਪੁਰਖ ਦਾ ਨਾਮ ਗ੍ਰਹਿਣ ਕਰਨਾ ਚਾਹੀਦਾ ਹੈ ਕਿਉਂਕਿ ਸੱਚਾ ਨਾਮ ਹੀ ਸਦਾ ਸਹਾਈ ਹੋਣ ਵਾਲਾ ਹੈ । ਗੁਰੂ ਦੇ ਉਪਦੇਸ਼ ਅਨੁਸਾਰ ਜੇਹੜਾ ਪ੍ਰਾਣੀ ਅਕਾਲ ਪੁਰਖ ਦੀ ਰਜ਼ਾਅ ਵਿਚ ਰਹਿੰਦਾ ਹੈ, ਉਹ ਸੰਸਾਰੀ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ ।*

The Guru is like the ocean over-whelming with Amrit, God's True Naam. The true devotee, who abides by the Guru's teachings, leads a satiated life. If we wish to attain emancipation in life, we should always recite God's True Naam with devotion. By virtue of Guru's teachings when the person accepts God's Command, such a person gets rid of all the worldly sufferings. [Amrit Sar: Ocean of Divine Enlightenment]

ਮਾਰੂ ਮਹਲਾ ੧, ਪੰਨਾ ੧੦੪੩ ॥ ਸੇਵਹੁ ਸਤਿਗੁਰ ਸਮੁੰਦੁ ਅਥਾਹਾ ॥ ਪਾਵਹੁ ਨਾਮੁ ਰਤਨੁ ਧਨੁ ਲਾਹਾ ॥ ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ ॥ ੮ ॥

*ਅਰਥ: ਅਕਾਲ ਪੁਰਖ ਸਤਿਗੁਰੂ ਇਕ ਵਿਸ਼ਾਲ ਸਮੁੰਦਰ ਹੈ, ਜਿਸ ਵਿਚ ਬਹੁਤ ਕੀਮਤੀ ਰਤਨ ਪਏ ਹੋਏ ਹਨ ਪਰ ਇਨ੍ਹਾਂ ਦੀ ਪ੍ਰਾਪਤੀ ਅਕਾਲ ਪੁਰਖ ਦਾ ਨਾਮ ਗ੍ਰਹਿਣ ਕਰਕੇ ਹੀ ਹੋ ਸਕਦੀ ਹੈ। ਅੰਮ੍ਰਿਤ ਨਾਮ ਨੂੰ ਹਿਰਦੇ ਵਿਚ ਵਸਾਅ ਕੇ ਹੀ ਮਾਇਆ-ਮੋਹ ਦੀ ਮੈਲ ਉਤਰ ਸਕਦੀ ਹੈ ਤਾਂ ਫਿਰ ਗੁਰੂ ਜੈਸਾ ਸੰਤੋਖੀ ਜੀਵਨ ਮਿਲ ਸਕਦਾ ਹੈ।*
Akaal Purkh (God) is a vast ocean, which contains invaluable jewels in the spirit of the True Naam but these could only be obtained if the devotee follows God's like virtues. The person, who inculcates the love of God in the heart, overcomes the vicious thoughts, which then enables the true devotee to lead the contended life.

ਮਾਝ ਮਹਲਾ ੩, ਪੰਨਾ ੧੧੩ ॥ ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥ ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥ ੧ ॥ ਰਹਾਉ ॥

ਆਸਾ ਮਹਲਾ ੩, ਪੰਨਾ ੩੬੩ ॥ ਗੁਰ ਪੂਰੇ ਤੇ ਪੂਰਾ ਪਾਏ ॥ ਹਿਰਦੈ ਸਬਦੁ ਸਚੁ ਨਾਮੁ ਵਸਾਏ ॥ ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ ॥ ਸਦਾ ਸੂਚੇ ਸਾਚਿ ਸਮਾਏ ॥ ੨ ॥

ਗੂਜਰੀ ਕੀ ਵਾਰ ਮਹਲਾ ੩ ॥ ਪਉੜੀ, ਪੰਨਾ ੫੧੦ ॥ ਸਭੁ ਜਗੁ ਫਿਰਿ ਮੈ ਦੇਖਿਆ ਹਰਿ ਇਕੋ ਦਾਤਾ ॥ ਉਪਾਇ ਕਿਤੈ ਨ ਪਾਈਐ ਹਰਿ ਕਰਮ ਬਿਧਾਤਾ ॥ ਗੁਰ ਸਬਦੀ ਹਰਿ ਮਨਿ ਵਸੈ ਹਰਿ ਸਹਜੇ ਜਾਤਾ ॥ ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ ॥ ਵਡੀ ਵਡਿਆਈ ਵਡੇ ਕੀ ਗੁਰਮੁਖਿ ਬੋਲਾਤਾ ॥ ੬ ॥

ਮਾਰੂ ਮਹਲਾ ੩, ਪੰਨਾ ੧੦੪੬ ॥ ਸਬਦਿ ਮਰੈ ਸੋਈ ਜਨੁ ਪੂਰਾ ॥ ਸਤਿਗੁਰੁ ਆਖਿ ਸੁਣਾਏ ਸੂਰਾ ॥ ਕਾਇਆ ਅੰਦਰਿ ਅੰਮ੍ਰਿਤ ਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ ॥ ੪ ॥

ਮਹਲਾ ੩, ਪੰਨਾ ੧੪੧੨ ॥ ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ ॥ ੨੮ ॥
Lahore City is like the hell when innocent people are killed and terrorized but the same city becomes praise-worthy when God's Virtues are recited.

ਸਿਰੀਰਾਗੁ ਮਹਾਲ ੪, ਪੰਨਾ ੪੦ ॥ ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥ ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥ ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ ॥੪॥੨॥੬੬॥

ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ, ਪੰਨਾ ੨੩੪ ॥ ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥ ਹਰਿ ਅੰਮ੍ਰਿਤਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥

ਗਉੜੀ ਕੀ ਵਾਰ ਮਹਲਾ ੪, ਪੰਨਾ ੩੦੫ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

ਗੂਜਰੀ ਮਹਲਾ ੪, ਪੰਨਾ ੪੯੩ ॥ ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥ ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ਹ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥੪॥੨॥

ਸੂਹੀ ਮਹਲਾ ੪, ਪੰਨਾ ੭੩੨ ॥ ਹਮੁ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ ॥ ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ ॥ ੩ ॥

ਨਟ ਮਹਲਾ ੪, ਪੰਨਾ ੯੮੧ ॥ ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ ॥ ਸਤਿਗੁਰਿ ਗਿਆਨੁ ਮਜਨੁ ਹੈ ਨੀਕੋ ਮਿਲਿ ਕਲਮਲ ਪਾਪ ਉਤਾਰੇ ॥੧॥ ਰਹਾਉ ॥

*ਉਪਰ ਲਿਖੇ ਸ਼ਬਦਾਂ ਤੋਂ ਇਹ ਸੋਝੀ ਪ੍ਰਾਪਤ ਹੁੰਦੀ ਹੈ ਕਿ ਇਹ ਸਾਰੇ ਸ਼ਬਦ ਅੰਮ੍ਰਿਤਸਰ ਸ਼ਹਿਰ ਵਸਾਉਣ ਤੋਂ ਪਹਿਲਾਂ ਦੇ ਉਚਾਰਨ ਕੀਤੇ ਹੋਏ ਹਨ । ਇਸ ਲਈ, ਗੁਰਬਾਣੀ ਅਨੁਸਾਰ ਸਾਡੀ ਅਰਦਾਸ ਅਕਾਲ ਪੁਰਖ ਤੋਂ ਅਸੀਂ ਗੁਰਸ਼ਬਦ ਦੀ ਬਖਸ਼ਿਸ਼ ਲਈ ਹੀ ਬੇਨਤੀ ਕਰਦੇ ਹਾਂ ਤਾਂ ਜੋ ਅਸੀਂ ਅਕਾਲ ਪੁਰਖ ਦੇ ਭਾਣੇ ਵਿਚ ਰਹਿ ਕੇ, ਆਪਣਾ ਜੀਵਨ ਸਫਲ ਕਰ ਸਕੀਏ । ਪਰ, ਸਾਡੀ ਬਿਰਤੀ ਦੁਨਿਆਵੀਂ ਮਾਇਆ-ਮੋਹ ਦੇ ਲਾਲਚ ਵਿਚ ਹੋਣ ਕਰਕੇ, ਅਸੀਂ ਅੰਮ੍ਰਿਤਸਰ ਸ਼ਹਿਰ ਵਿਖੇ ਪਾਣੀ ਦੇ ਸਰੋਵਰ ਵਿਚ ਚੁੱਬੀ ਮਾਰ ਕੇ ਹੀ ਸਾਰੇ ਰੂਹਾਨੀ ਗੁਣ ਪ੍ਰਾਪਤ ਕਰਨਾ ਚਾਹੁੰਦੇ ਹਾਂ । ਸਾਨੂੰ ਆਮ ਪ੍ਰਚਲਤ ਸਾਖੀਆ ਸੁਣਾ ਕੇ ਭਰਮ ਵਿਚ ਪਾ ਦਿੱਤਾ ਗਿਆ ਹੈ ਜਿਸ ਸਦਕਾ ਬਹੁਤ ਸਾਰੇ ਸਿਖ, ਹਿੰਦੂਆਂ ਦੇ ਤੀਰਥਾਂ ਵਾਂਗ ਸਰੋਵਰਾਂ ਵਿਚ ਇਸ਼ਨਾਨ ਕਰਕੇ ਖੁਸ਼ ਹੁੰਦੇ ਹਨ । ਐਸੇ ਅੰਧ-ਵਿਸ਼ਵਾਸ਼ ਕਰਕੇ, ਬਹੁਗਿਣਤੀ ਵਿਚ ਸਿੱਖ ਪਰਵਾਰ ਸੰਗਰਾਂਦ/ਪੁਰਨਮਾਸ਼ੀ/ਮਸਿਆ ਵਾਲੇ ਦਿਨ ਗੁਰਦੁਆਰਿਆਂ ਵਿਖੇ ਸਥਾਪਤ ਕੀਤੇ ਸਰੋਵਰ, ਹਿੰਦੂਆਂ ਦੇ ਗੰਗਾ ਇਸ਼ਨਾਨ ਵਾਂਗ ਹੀ ਪ੍ਰਤੀਤ ਹੁੰਦੇ ਹਨ । ਪ੍ਰਬੰਧਕ ਭੀ ਖ਼ੁਸ਼ ਹੁੰਦੇ ਹਨ ਕਿ ਗੋਲਕ ਬਹੁਤ ਇੱਕਠੀ ਹੋਈ ਅਤੇ ਰਾਗੀ ਸਿੰਘਾਂ ਦੀਆਂ ਭੀ ਜੇਬਾਂ ਭਰ ਜਾਂਦੀਆਂ ਹਨ । ਪਰ, ਜਿਸ ਮਨਮਤਿ ਤੋਂ ਗੁਰੂ ਸਾਹਿਬਾਨ ਨੇ ਸਾਨੂੰ ਵਰਜਿਆ ਸੀ, ਅਸੀਂ ਫਿਰ ਪੂਰੇ ਜੋਰ-ਸ਼ੋਰ ਨਾਲ ਸ਼ੁਰੂ ਕਰ ਦਿੱਤੀ ! ਵਾਹਿਗੁਰੂ ਸੁਮਤਿ ਬਖ਼ਸ਼ੇ !*

ਆਸਾ ਮਹਲਾ ੧, ਪੰਨਾ ੪੧੯ ॥ ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ॥੭॥

There are countless persons leading the life of householders, who follow the Guru's teachings and serve the Almighty by inculcating God's virtues within their hearts. Such devotees remain engaged in reciting God's True Naam as well as encourage others to follow the righteous way of life, which is tantamount to share alms and bathing.

ਸਿਰੀਰਾਗੁ ਮਹਲਾ ੫, ਪੰਨਾ ੭੩ ॥ ਸੁਣਿ ਗਲਾ ਗੁਰ ਪਹਿ ਆਇਆ ॥ ਨਾਮੁ ਦਾਨੁ ਇਸਨਾਨੁ ਦਿੜਾਇਆ ॥ ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥੧੧॥

Listening to the Greatness of the Almighty, I too sought God's support. Guru Sahib blessed me the love of True Naam, Charity and the Purity of deeds. Thus by virtue of the Guru's teachings, the whole world could achieve emancipation.

*ਗੁਰੂ ਗ੍ਰੰਥ ਸਾਹਿਬ ਵਿਚ ਬੇਅੰਤ ਸ਼ਬਦ ਹਨ ਜੇਹੜੇ ਸਾਨੂੰ ਸੋਧ ਦਿੰਦੇ ਹਨ ਕਿ ਬਾਹਰ ਦੇ ਇਸ਼ਨਾਨ ਕੀਤਿਆ ਸਾਡੇ ਅੰਦਰ ਦੇ ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ ਦੀ ਮੈਲ ਕਦੇ ਭੀ ਨਹੀ ਉਤਰਦੀ । ਗੁਰੂ ਸਾਹਿਬ ਬਿਆਨ ਕਰਦੇ ਹਨ:*

ਵਾਰ ਮਾਝ ਕੀ ਮਹਲਾ ੧, ਪੰਨਾ ੧੩੯ ॥ ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ ॥
ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ ॥

ਸਿਰੀਰਾਗੁ ਮਹਲਾ ੩, ਪੰਨਾ ੩੪ ॥ ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥
ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥

ਗਉੜੀ ਮਹਲਾ ੫, ਪੰਨਾ ੨੦੧ ॥ ਪੂਜਾ ਤਿਲਕ ਕਰਤ ਇਸਨਾਨਾਂ ॥
ਛੁਰੀ ਕਾਢਿ ਲੇਵੈ ਹਥਿ ਦਾਨਾ ॥ ੨ ॥

ਗਉੜੀ ਕਬੀਰ ਜੀ, ਪੰਨਾ ੩੨੪ ॥ ਸੰਧਿਆ ਪ੍ਰਾਤ ਇਸਨਾਨੁ ਕਰਾਹੀ ॥
ਜਿਉ ਭਏ ਦਾਦੁਰ ਪਾਨੀ ਮਾਹੀ ॥੧॥

ਗੁਰੂ ਨਾਨਕ ਸਾਹਿਬ ਸਾਡੇ ਉਪਰ ਬਖਸ਼ਿਸ਼ ਕਰਦੇ ਹਨ, ਪਰ ਅਸੀਂ ਕਰਮ-ਕਾਂਡ ਵਿਚ ਹੀ ਫਸੇ ਰਹਿਣਾ ਪਸੰਦ ਕਰਦੇ ਹਾਂ:

ਜਪੁ ਜੀ ਸਾਹਿਬ (੬): ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥

ਸੂਹੀ ਮਹਲਾ ੧, ਪੰਨਾ ੭੩੦ ॥ ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥ ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥

ਗੁਰਬਾਣੀ ਅਨੁਸਾਰ, ਗੁਰਦੁਆਰਾ ਸਾਹਿਬ, ਲੰਗਰ ਦੀ ਪਰੰਪਰਾ, ਬੌਲੀਆਂ-ਸਰੋਵਰ ਅਤੇ ਸੰਗਤ-ਪੰਗਤ ਦਾ ਮਕਸਦ ਸੀ / ਹੈ ਕਿ ਸਿੱਖ ਧਰਮ ਨੂੰ ਮੰਨਣ ਵਾਲੇ ਕਿਸੇ ਨਾਲ ਕਿਸੇ ਕਿਸਮ ਦਾ ਵਿਤਕਰਾ ਨਹੀਂ ਕਰਦੇ, ਹਰ ਪ੍ਰਾਣੀ ਇਕ-ਬਰਾਬਰ ਹੈ ਅਤੇ ਸਾਰੇ ਪੂਰੀ ਇੱਜ਼ਤ ਨਾਲ ਗਿਆਨ ਪ੍ਰਾਪਤ ਕਰਕੇ, ਆਪਣਾ ਜੀਵਨ ਸਫਲਾ ਕਰ ਸਕਦੇ ਹਨ । ਕਿਸੇ ਗਰੀਬ ਦੀ ਸੇਵਾ ਕਰਨਾ ਭੀ, ਨਾਮ ਜਪਾਉਣ ਦੀ ਸੇਵਾ ਹੈ ਅਤੇ ਇੰਜ ਹੀ, ਗੁਰਮਤਿ ਅਨੁਸਾਰ ਇਸ਼ਨਾਨ ਤੋਂ ਸਿਰਫ ਆਪਣਾ ਸਰੀਰ ਧੋਣਾ ਹੀ ਨਹੀਂ, ਸਗੋਂ ਹਿਰਦੇ ਦੀ ਪਵਿੱਤਤਰਤਾ ਬਣਾਈ ਰੱਖਣਾ ਅਤੇ ਸਚਿਆਰ ਜੀਵਨ ਬਤੀਤ ਕਰਨਾ ਹੈ ।

ਵਾਹਿਗੁਰੂ ਜੀ ਕਾ ਖ਼ਾਲਸਾ  ਵਾਹਿਗੁਰੂ ਜੀ ਕੀ ਫ਼ਤਿਹ

ਭੁਲਣਹਾਰ ਦਾਸਰਾ,

ਗੁਰਮੀਤ ਸਿੰਘ (ਸਿੱਡਨੀ, ਮਿਤੀ ੨ ਮਾਰਚ ੨੦੦੮)